# ਟਰੱਕ ਚਲਾਉਣ ਵਾਲਿਆਂ ਲਈ ਸੇਫਟੀ ਦੇ ਅਸੂਲ ਅਤੇ ਨਿਯਮ

GLOBAL CONTAINER TERMINALS CANADA

**ਕੈਨੇਡਾ ਲੇਬਰ ਕੋਡ ਦੇ ਮੁਤਾਬਕ: ਟਰਮੀਨਲ 'ਤੇ ਹੋਣ ਵੇਲੇ ਹਰ ਸਮੇਂ ਨਿੱਜੀ ਹਿਫਾਜ਼ਤੀ ਸਾਮਾਨ (ਪੀ ਪੀ ਈ) ਪਾਇਆ ਜਾਣਾ ਜ਼ਰੂਰੀ ਹੈ**

**ਪੀ ਪੀ ਵਿਚ ਹਨ: ਜ਼ਿਆਦਾ ਦਿਖਾਈ ਦਿੰਦੀ ਝੱਗੀ ਅਤੇ ਸੀ ਐੱਸ ਏ ਵਲੋਂ ਪ੍ਰਵਾਨਿਤ ਸੇਫਟੀ ਬੂਟ (ਗਿੱਟੇ ਤੋਂ 6 ਇੰਚ ਉਚਾਈ, ਨਾ ਸਲਿੱਪ ਹੋਣ ਵਾਲਾ ਤਲਾ)**

## ਪਹੁੰਚਣ ਤੋਂ ਪਹਿਲਾਂ

ਜੀ ਸੀ ਟੀ ਡੈਲਟਾਪੋਰਟ ਅਤੇ ਜੀ ਸੀ ਟੀ ਵੈਂਟਰਮ 'ਤੇ ਪਹੁੰਚਣ ਤੋਂ ਪਹਿਲਾਂ, ਇਹ ਪੱਕਾ ਕਰਨ ਲਈ ਟਰੱਕਿੰਗ ਕੰਪਨੀਆਂ ਜ਼ਿੰਮੇਵਾਰ ਹਨ ਕਿ ਉਨ੍ਹਾਂ ਦੇ ਸਾਰੇ ਡਰਾਈਵਰ ਜੀ ਸੀ ਟੀ ਕੈਨੇਡਾ (ਜੀ ਸੀ ਟੀ) ਦੇ ਸੇਫਟੀ ਦੇ ਅਸੂਲਾਂ ਅਤੇ ਨਿਯਮਾਂ ਅਤੇ ਟਰਮੀਨਲ 'ਤੇ ਟਰੈਫਿਕ ਪੈਟਰਨ ਤੋਂ ਜਾਣੂ ਹਨ ਅਤੇ ਇਨ੍ਹਾਂ ਦੀ ਪਾਲਣਾ ਕਰ ਰਹੇ ਹਨ। ਇਨ੍ਹਾਂ ਅਸੂਲਾਂ ਅਤੇ ਨਿਯਮਾਂ ਨੂੰ ਮੰਨਣ ਵਿਚ ਫੇਲ੍ਹ ਹੋਣ ਦਾ ਨਤੀਜਾ ਟਰਮੀਨਲ ਵਿੱਚੋਂ ਕੱਢੇ ਜਾਣ ਜਾਂ ਸਸਪੈਨਸ਼ਨ ਵਿਚ ਨਿਕਲ ਸਕਦਾ ਹੈ।

- ਸਾਰੇ ਸਾਈਨਾਂ ਦੀ ਪਾਲਣਾ ਕਰੋ
- ਆਟੋ-ਗੇਟ ਆਰਮਜ਼ ਖੋਲ੍ਹਣ ਲਈ ਪੋਰਟ ਪਾਸ ਸਵਾਈਪ ਕਰੋ
- ਟਰਮੀਨਲ 'ਤੇ ਸਪੀਡ ਦੀ ਹੱਦ 20 ਕਿਲੋਮੀਟਰ ਪ੍ਰਤੀ ਘੰਟਾ ਹੈ, ਜੇ ਕਿਸੇ ਹੋਰ ਤਰ੍ਹਾਂ ਨਹੀਂ ਲਿਖਿਆ ਗਿਆ ਜਿਵੇਂ ਕਿ ਗੇਟਾਂ ਅਤੇ ਰੀਫਰ ਪੋਆਇੰਟਾਂ 'ਤੇ
- ਇੰਜਨ ਬੰਦ ਕਰ ਦਿਉ, ਇਨ ਅਤੇ ਆਊਟ-ਗੇਟਾਂ ਵਿਚ ਬਰੇਕ ਲਾਉ
- ਜੀ ਸੀ ਟੀ ਦੇ ਸਾਰੇ ਸਾਜ਼-ਸਾਮਾਨ ਨੂੰ ਰਾਹ ਦਿਉ
- ਸਾਰੇ ਇੰਟਰਸੈਕਸ਼ਨਾਂ 'ਤੇ ਰੁਕੋ
- ਪੈਦਲ ਜਾਣ ਵਾਲਿਆਂ ਦਾ ਖਿਆਲ ਰੱਖੋ
- ਹਰ ਵੇਲੇ ਸੀਟ ਬੈਲਟ ਲਾਉ
- ਨਿਸ਼ਾਨੀਆਂ ਵਾਲੇ ਟਰੈਫਿਕ ਪੈਟਰਨ ਦੀ ਪਾਲਣਾ ਕਰੋ
- ਟਰੱਕ ਦੀਆਂ ਹੈੱਡਲਾਈਟਾਂ ਔਨ ਕਰੋ
- ਜੀ ਸੀ ਟੀ ਸਾਜ਼-ਸਾਮਾਨ ਚਲਾਉਣ ਵਾਲਿਆਂ ਦੀਆਂ ਹਿਦਾਇਤਾਂ ਸੁਣੋ ਕਿਉਂਕਿ ਤੁਹਾਨੂੰ ਮੂਵ ਹੋਣ ਲਈ ਕਿਹਾ ਜਾ ਸਕਦਾ ਹੈ
- ਪਾਰਕ ਕੀਤੀਆਂ ਹੋਈਆਂ ਗੱਡੀਆਂ ਨੂੰ ਓਵਰਟੇਕ ਕਰਨ ਲਈ ਪਾਸਿੰਗ ਲੇਨ ਦੀ ਵਰਤੋਂ ਸਿਰਫ ਉਦੋਂ ਕਰੋ ਜਦੋਂ ਜਾਣਾ ਸੁਰੱਖਿਅਤ ਹੁੰਦਾ ਹੈ
- ਨਿਸ਼ਾਨ ਲੱਗੇ ਸੇਫਟੀ ਵਾਕਵੇਅਜ਼ 'ਤੇ ਪਾਰਕ ਨਾ ਕਰੋ
- ਇੰਟਰਕੌਮ 'ਤੇ ਏਅਰ ਬਰੇਕਾਂ ਨਾ ਛੱਡੋ
- ਯਾਰਡ ਵਿਚ ਹੋਣ ਵੇਲੇ ਗੱਡੀ ਵਿੱਚੋਂ ਨਾ ਨਿਕਲੋ
- ਬਲੌਕਾਂ ਜਾਂ ਸੈਂਟਰ ਲੇਨ ਵੇਅ ਰਾਹੀਂ ਕੱਟ ਨਾ ਕਰੋ
- ਜੀ ਸੀ ਟੀ ਦੇ ਸਾਜ਼-ਸਾਮਾਨ ਦੇ ਅੱਗੇ ਜਾਂ ਪਿੱਛੇ ਕੱਟ ਨਾ ਮਾਰੋ
- ਲਟਕਦੇ ਕਨਟੇਨਰਾਂ ਦੇ ਹੇਠ ਡਰਾਈਵ ਨਾ ਕਰੋ
- ਪੌਡ 5 ਤੋਂ ਪੌਡ 4 ਨੂੰ ਡੌਕ-ਫੇਸ 'ਤੇ ਸਫਰ ਨਾ ਕਰੋ
- ਗੱਡੀ ਚਲਾਉਣ ਵੇਲੇ ਸੈਲੂਲਰ ਫੋਨ ਵਰਤਣ ਦੀ ਮਨਾਹੀ ਹੈ
- ਯੂ-ਟਰਨ ਮਾਰਨ ਦੀ ਮਨਾਹੀ ਹੈ
- ਪਟੜੀ 'ਤੇ ਰੰਗ ਕੀਤੀਆਂ ਹੋਈਆਂ ਲਾਈਨਾਂ ਤੋਂ ਪਰ੍ਹਾਂ ਰਹੋ: ਇਹ ਜੀ ਸੀ ਟੀ ਦੇ ਸਾਜ਼-ਸਾਮਾਨ ਲਈ ਰਾਖਵੇਂ ਰਨਵੇਅ ਹਨ
- ਇਹ ਪੱਕਾ ਕਰੋ ਕਿ ਜੀ ਸੀ ਟੀ ਦੇ ਸਾਜ਼-ਸਾਮਾਨ ਤੋਂ ਕਾਫੀ ਖੁਲ੍ਹੀ ਥਾਂ ਹੈ
- **ਸਮੱਸਿਆਵਾਂ?** ਗੱਡੀ ਵਿਚ ਰਹੋ ਅਤੇ ਜੀ ਸੀ ਟੀ ਦੇ ਅਮਲੇ ਨੂੰ ਇਸ਼ਾਰਾ ਕਰਨ ਲਈ ਫੋਰ-ਵੇਅ ਫਲੈਸ਼ਿੰਗ ਲਾਈਟਾਂ ਔਨ ਕਰੋ

**ਜੀ ਸੀ ਟੀ ਡੈਲਟਾਪੋਰਟ ਰੇਲ ਯਾਰਡ:** ਇੰਟਰਮੌਡਲ ਯਾਰਡ ਵਿਚ ਦਾਖਲ ਨਾ ਹੋਵੋ। ਇਸ ਦੇ ਘੇਰੇ ਦੇ ਨਾਲ ਨਾਲ ਫੈਂਸ ਅਤੇ ਪੀਲੀ ਵਾੜ ਲੱਗੀ ਹੋਈ ਹੈ।

**ਜੀ ਸੀ ਟੀ ਵੈਂਟਰਮ ਰੇਲ ਯਾਰਡ:** ਸਾਰੀਆਂ ਫਲੈਸ਼ ਹੋ ਰਹੀਆਂ ਲਾਲ ਲਾਈਟਾਂ ਵੱਲ ਧਿਆਨ ਦਿਉ। ਇਸ ਦਾ ਮਤਲਬ ਹੈ ਕਿ ਰੇਲ ਆ ਰਹੀ ਹੈ। ਇੰਟਰਮੌਡਲ ਯਾਰਡ ਦੇ ਦੁਆਲੇ ਮੋਟੀ ਪੀਲੀ ਲਾਈਨ ਹੈ ਜੋ ਕਿ ਪਟੜੀ ਦੇ ਸਮਾਨਾਂਤਰ ਹੈ। ਰੇਲ ਦੇ ਮੂਵ ਹੋਣ ਵੇਲੇ ਇੰਟਰਮੌਡਲ ਯਾਰਡ ਕਰੌਸ ਨਾ ਕਰੋ।

## ਲਾਹੁਣ ਅਤੇ ਲੱਦਣ ਬਾਰੇ ਗਾਈਡਲਾਈਨਾਂ

**ਲਾਹੁਣਾ:** ਇਹ ਪੱਕਾ ਕਰੋ ਕਿ ਇਨ-ਗੇਟ ਵਿਚ ਕਨਟੇਨਰ ਚੈਸੀ ਨਾਲੋਂ ਅਨਲੌਕ ਹੋਵੇ ਅਤੇ ਲਾਹੁਣ ਦੇ ਕਾਰਜ ਦੌਰਾਨ ਅਨਲੌਕ ਰਹੇ। ਜੀ ਸੀ ਟੀ ਦੇ ਸਾਜ਼-ਸਾਮਾਨ ਵਲੋਂ ਕਨਟੇਨਰ ਚੈਸੀ ਤੋਂ ਬਲੌਕ ਤੱਕ ਚੁੱਕ ਲਏ ਜਾਣ ਤੱਕ ਟਰੱਕ ਨੂੰ ਮੂਵ ਨਾ ਕਰੋ।

**ਲੱਦਣਾ:** ਟਰੱਕ ਨੂੰ ਲੋਡਿੰਗ ਪੋਜ਼ੀਸ਼ਨ ਤੋਂ ਥੋੜ੍ਹਾ ਜਿਹਾ ਅਗਾਂਹ ਕਰੋ। ਜਦੋਂ ਜੀ ਸੀ ਟੀ ਦਾ ਸਾਜ਼-ਸਾਮਾਨ ਕਨਟੇਨਰ ਨੂੰ ਲੋਡ ਕਰਨ ਲਈ ਤਿਆਰ ਕਰ ਲਵੇ ਤਾਂ ਧਿਆਨ ਨਾਲ ਬੈਕ ਅੱਪ ਕਰੋ। ਜੀ ਸੀ ਟੀ ਦਾ ਸਾਜ਼-ਸਾਮਾਨ ਕਨਟੇਨਰ ਨੂੰ ਚੈਸੀ ਦੇ ਉੱਪਰ ਲੋਡ ਕਰੇਗਾ। ਉਦੋਂ ਤੱਕ ਟਰੱਕ ਨੂੰ ਮੂਵ ਨਾ ਕਰੋ ਜਦੋਂ ਤੱਕ ਜੀ ਸੀ ਟੀ ਦਾ ਸਾਜ਼-ਸਾਮਾਨ ਕਨਟੇਨਰ ਤੋਂ ਪਰ੍ਹਾਂ ਨਹੀਂ ਹੋ ਜਾਂਦਾ। ਡਰਾਈਵਰ ਵਲੋਂ ਆਊਟ-ਗੇਟ ਤੱਕ ਪਹੁੰਚਣ ਤੱਕ ਕਨਟੇਨਰ ਨੂੰ ਚੈਸੀ ਨਾਲ ਲੌਕ ਨਾ ਕਰੋ।

**ਸੱਟ:** ਟਰਮੀਨਲ 'ਤੇ ਹੋਣ ਵੇਲੇ ਜੇ ਕੋਈ ਸੱਟ ਲੱਗ ਜਾਵੇ ਤਾਂ ਫੌਰਨ ਜੀ ਸੀ ਟੀ ਕੈਨੇਡਾ ਦੇ ਅਮਲੇ ਨੂੰ ਦੱਸੋ ਅਤੇ ਫਸਟ ਏਡ ਦੀ ਮੰਗ ਕਰੋ।

**ਐਮਰਜੰਸੀ ਵਿਚ ਟਰਮੀਨਲ ਨੂੰ ਖਾਲੀ ਕਰਨ ਦਾ ਤਰੀਕਾ:** ਜੀ ਸੀ ਟੀ ਕੈਨੇਡਾ ਦੇ ਅਮਲੇ ਦੀਆਂ ਹਿਦਾਇਤਾਂ ਦੀ ਪਾਲਣਾ ਕਰੋ। ਜੇ ਲੋੜ ਹੋਵੇ ਤਾਂ ਮੱਸਟਰ ਸਟੇਸ਼ਨ 'ਤੇ ਜਾਉ, ਜਿਵੇਂ ਕਿ ਜੀ ਸੀ ਟੀ ਡੈਲਟਾਪੋਰਟ ਜਾਂ ਜੀ ਸੀ ਟੀ ਵੈਂਟਰਮ ਯਾਰਡ ਦੇ ਨਕਸ਼ਿਆਂ ਵਿਚ ਦੱਸਿਆ ਗਿਆ ਹੈ। ਇਹ ਟਰੱਬਲ ਬੂਥ/ਗੇਟ ਹਾਊਸ ਵਿਖੇ ਹਨ ਜਾਂ ਜੀ ਸੀ ਟੀ ਦੇ ਵੈੱਬਸਾਈਟ www.globalterminalscanada.com 'ਤੇ ਦੇਖੇ ਜਾ ਸਕਦੇ ਹਨ।

**ਐਕਸੀਡੈਂਟ:** ਕੋਈ ਐਕਸੀਡੈਂਟ ਹੋਣ 'ਤੇ, ਜੇ ਕੋਈ ਫੌਰੀ ਖਤਰਾ ਨਾ ਹੋਵੇ ਤਾਂ ਗੱਡੀ ਨੂੰ ਮੂਵ ਨਾ ਕਰੋ। ਐਕਸੀਡੈਂਟ ਦੀ ਪੜਤਾਲ ਵਿਚ ਹਿੱਸਾ ਲੈਣ ਅਤੇ ਢੁਕਵੇਂ ਪੇਪਰ ਦੇਣ ਲਈ ਟਰੱਕ ਅਤੇ ਡਰਾਈਵਰ ਦਾ ਉੱਥੇ ਰਹਿਣਾ ਜ਼ਰੂਰੀ ਹੈ। ਟਰੱਕ ਡਰਾਈਵਰ ਪੜਤਾਲ ਦੌਰਾਨ ਜਾਣਕਾਰੀ ਇਕੱਠੀ ਕਰ ਸਕਦੇ ਹਨ। ਟਰੱਕ ਜਾਂ ਚੈਸੀ ਨੂੰ ਹੋਇਆ ਸਾਰਾ ਨੁਕਸਾਨ, ਟਰਮੀਨਲ ਤੋਂ ਜਾਣ ਤੋਂ **ਪਹਿਲਾਂ** ਦੱਸਿਆ ਜਾਣਾ ਜ਼ਰੂਰੀ ਹੈ। **ਟਰੱਕ, ਚੈਸੀ, ਸਾਜ਼-ਸਾਮਾਨ, ਕਨਟੇਨਰ ਜਾਂ ਕਾਰਗੋ ਨੂੰ ਹੋਏ ਨੁਕਸਾਨ ਦੀ ਰਿਪੋਰਟ ਟਰਮੀਨਲ ਤੋਂ ਨਿਕਲਣ ਤੋਂ ਪਹਿਲਾਂ ਕਰਨ ਵਿਚ ਫੇਲ੍ਹ ਹੋਣ ਨਾਲ ਜੀ ਸੀ ਟੀ ਕੈਨੇਡਾ ਕਿਸੇ ਵੀ ਦੇਣਦਾਰੀ ਤੋਂ ਮੁਕਤ ਹੋਵੇਗਾ।** ਟਰੱਕ, ਚੈਸੀ, ਸਾਜ਼-ਸਾਮਾਨ, ਕਨਟੇਨਰ ਜਾਂ ਕਾਰਗੋ ਨੂੰ ਹੋਏ ਕਿਸੇ ਅਜਿਹੇ ਨੁਕਸਾਨ ਲਈ ਜੀ ਸੀ ਟੀ ਕੈਨੇਡਾ ਐੱਲ ਪੀ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ ਜਿਸ ਨੂੰ ਅਯੋਗ ਤਰੀਕੇ ਨਾਲ ਸਾਂਭਿਆ ਗਿਆ ਸੀ, ਕੋਈ ਪਹਿਲਾਂ ਹੀ ਮੌਜੂਦ ਨੁਕਸਾਨ ਸੀ, ਜਾਂ ਨੁਕਸਾਨ ਆਮ ਘਸਾਈ ਸਮਝਿਆ ਗਿਆ ਸੀ ਜਿਸ ਨਾਲ ਅਗਾਂਹ ਹੋਰ ਨੁਕਸਾਨ ਹੋਣਾ ਅਟੱਲ ਸੀ। ਜੀ ਸੀ ਟੀ ਕੈਨੇਡਾ ਐੱਲ ਪੀ ਦੇ ਕਲੇਮਾਂ ਦੀ ਪਾਲਸੀ ਬਾਰੇ ਪੂਰੇ ਵੇਰਵਿਆਂ ਲਈ, ਕਿਰਪਾ ਕਰਕੇ ਰਿਸਕ ਮੈਨੇਜਮੈਂਟ ਗਰੁੱਪ ਨਾਲ ਸੰਪਰਕ ਕਰੋ। ਕਿਰਪਾ ਕਰਕੇ ਜੀ ਸੀ ਟੀ ਕੈਨੇਡਾ ਦੇ ਵੈੱਬਸਾਈਟ www.globalterminalscanada.com 'ਤੇ ਐਕਸੀਡੈਂਟ ਮਿਟੀਗੇਸ਼ਨ ਪ੍ਰੋਸੀਜ਼ਰਜ਼ ਫਾਰ ਸਟਰੀਟ ਟਰੱਕ/ਵਹੀਕਲ ਐਕਸੀਡੈਂਟਸ ਔਨ ਟਰਮੀਨਲਜ਼ ਨਾਂ ਦਾ ਭਾਗ ਦੇਖੋ। .

## ਬਦਸਲੂਕੀ ਦੀ ਰਿਪੋਰਟ ਕਰਨ ਲਈ ਲਾਈਨਾਂ:

**ਜੀ ਸੀ ਟੀ ਡੈਲਟਾਪੋਰਟ: 604.267.5459 ਅਤੇ ਜੀ ਸੀ ਟੀ ਵੈਂਟਰਮ 604.267.5110**

ਜੀ ਸੀ ਟੀ ਕੈਨੇਡਾ ਲਿਮਟਿਡ ਪਾਰਟਨਰਸ਼ਿੱਪ ਸੁਰੱਖਿਆ ਅਤੇ ਉਪਰੇਸ਼ਨ ਦੀਆਂ ਲੋੜਾਂ ਨੂੰ ਧਿਆਨ 'ਚ ਰੱਖਦਿਆਂ ਇੱਥੇ ਬਿਆਨੀਆਂ ਗਈਆਂ ਨੀਤੀਆਂ ਨੂੰ ਤਬਦੀਲ ਕਰਨ ਦਾ ਅਧਿਕਾਰ ਰੱਖਦੀ ਹੈ।